(i) Printed Pages : 3 Roll No. ..................................

(ii) Questions : 7 **Sub. Code :** | 0 | 4 | 0 | 7 |

**Exam. Code :** | 0 | 0 | 0 | 5 |

**B.A./B.Sc. (General) 5th Sem.**

**(2122)**

**PUNJABI (Elective)**

**Time Allowed : Three Hours]** **[Maximum Marks : 90**

**ਨੋਟ** :– (1) ਪ੍ਰਸ਼ਨਾਂ ਦੇ ਉੱਤਰ ਤਰਤੀਬ ਅਨੁਸਾਰ ਦਿੱਤੇ ਜਾਣ।

(2) ਲਿਖਾਈ ਸਾਫ਼ ਅਤੇ ਸੁੰਦਰ ਕੀਤੀ ਜਾਵੇ।

1. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਦੱਸਕੇ ਵਿਆਖਿਆ ਕਰੋ :

(ੳ) ਲੈ ਕਿ ਸੱਠ ਸਹੇਲੀਆਂ ਨਾਲ ਚੱਲੀ,<br>
ਹੀਰ ਮੱਤੜੀ ਰੂਪ ਗੁਮਾਨ ਦੀ ਜੀ।<br>
ਬੁਕ ਬੁਕ ਮੋਤੀਆਂ ਦੇ ਕੰਨ ਛਣਕਦੇ ਸਨ,<br>
ਕੋਈ ਹੂਰ ਤੇ ਪਰੀ ਦੀ ਸ਼ਾਨ ਦੀ ਜੀ।<br>
ਕੁੜਤੀ ਸੂਹੀ ਦੀ ਹਿੱਕ ਦੇ ਨਾਲ ਟੱਬੀ,<br>
ਹੋਸ਼ ਰਹੀ ਨਾ ਜਿਮੀ ਅਸਮਾਨ ਦੀ ਜੀ।<br>
ਜਿਸਦੇ ਨੱਕ ਬੁੱਲ ਜਿਉਂ ਕੁਤਬ ਤਾਰਾ,<br>
ਜੋਬਨ ਭੰਬੜੀ ਕਹਿਰ ਤੁਫਾਨੀ ਦੀ ਜੀ।<br>
ਆ ਨੀ ਬੂੰਦਿਆ ਵਾਲੀਏ ਟਲੀਂ ਮੋਈਏ,<br>
ਅੱਗ ਕੋਈ ਗਿਆ ਤੰਬੂ ਤਾਣਦੇ ਜੀ।

(ਅ) ਇੱਕ ਦੂਤ ਨੇ ਦੇਖ਼ ਕੇ ਫ਼ਿਕਰ ਕੀਤਾ,
ਪਲਕ ਵਿੱਚ ਦਰਵਾਜੇ ਦੇ ਆਇਆ ਈ।
ਜਿਹੜਾ ਧੁਰ ਦਰਗਾਹ ਦਾ ਹੁਕਮ ਆਂਦਾ,
ਦੇਖੋ ਉਸਨੂੰ ਖੂਬ ਬਜਾਇਆ ਈ।
ਅੰਦਰ ਤਰਟ ਹਵੇਲੀ ਦੇ ਤੁਰੇ ਜਾਂਦੇ,
ਛੱਜਾਂ ਢਾਹ ਦੋਹਾਂ ਉੱਤੇ ਪਾਇਆ ਈ।
ਸ਼ਾਹ ਮੁਹੰਮਦਾ ਉਧਮ ਸਿੰਘ ਥਾਂ ਮੋਇਆ,
ਕੌਰ ਸਾਹਿਬ ਭੀ ਸਹਿਕਦਾ ਆਇਆ ਈ। 10

2. ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ/ਥੀਮ ਲਿਖੋ :

(ੳ) ਸੱਸੀ-ਪੁੰਨੂੰ (ਹਾਸ਼ਮ ਸ਼ਾਹ)

(ਅ) ਕਿੱਸਾ ਹੀਰ (ਵਾਰਿਸ ਸ਼ਾਹ) 10

3. (i) ਹੇਠ ਲਿਖੀਆਂ ਸਤਰਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਪੰਡਤ ਕਿਹਾ ਕਰਦੇ ਨੇ ਕਿ ਵੇਦਾਂ ਵਿੱਚ ਲਿਖਿਆ ਹੋਇਆ ਏ ਕਿ ਜਦ ਦੁਨੀਆਂ ਉਤੇ ਜ਼ੁਲਮ ਦਾ ਬਾਹਰਾ ਪਹਿਰਾ ਹੁੰਦਾ ਏ ਤਾਂ ਰੱਬ ਆਪ ਚੰਗਾ ਬੰਦਾ ਦੁਨੀਆ ਤੇ ਭੇਜਦਾ ਏ। ਕੀ ਹੁਣ ਨਹੀ ਬਹੁੜੇਗਾ ਕੋਈ ?

(ਅ) ਅੱਛਾ ਗੱਲਾਂ ਨਾ ਬਣਾ ਤੇ ਘਰ ਚਲ ਪਤਾ ਨਹੀਂ ਕਿਸ ਤੋਂ ਪੁੱਠੀਆਂ ਗੱਲਾਂ ਸਿੱਖ ਆਇਆ। ਤੂੰ ਤਾਂ ਸਾਡਾ ਘਰ ਹੀ ਭਰਿਸ਼ਟ ਕਰ ਦਿੱਤਾ, ਜਨੇਊ ਵੀ ਲਾਹ ਦਿੱਤਾ (ਧੰਨ ਦੇਈ ਵੱਲ) ਤੂੰ ਵੀ ਬੇਬੇ ਨਹੀਂ ਵਰਜਦੀ। ਤੂੰ ਵੀ ਇਸਨੂੰ ਪੁੱਠੀ ਮੱਤ ਦਿੰਦੀ ਏਂ। 10

(ii) 'ਜਿਨੁ ਸਚੁ ਪਲੈ ਹੋਇ' ਨਾਟਕ ਦੀ ਸਾਹਿਤਕ ਦ੍ਰਿਸ਼ਟੀਕੋਣ ਤੋਂ ਪਰਖ ਕਰੋ।

**ਜਾਂ**

ਅਮਰ, ਭਗਵਾਨ ਅਤੇ ਧੰਨ ਦੇਈ ਪਾਤਰਾਂ ਦੇ ਸੁਭਾਅ ਲਿਖੋ। 10

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਹਾਸ਼ਮ ਰੱਬ ਦੀ ਪ੍ਰਸੰਸਾ ਕਿਵੇਂ ਕਰਦਾ ਹੈ ?

(ਅ) 'ਲੈ ਕਿ ਸੱਠ ਸਹੇਲੀਆਂ ਹੀਰ ਚੱਲੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।

(ੲ) ਫਜ਼ਲ ਸ਼ਾਹ ਦੀ ਕਵਿਤਾ ਵਿੱਚ ਇਸਤਰੀਆ ਦੇ ਸ਼ਿੰਗਾਰ ਨਾਲ ਸੰਬੰਧਿਤ ਕਿਨ੍ਹਾਂ-ਕਿਨ੍ਹਾਂ ਗੱਲਾਂ ਦਾ ਜ਼ਿਕਰ ਹੈ ?

(ਸ) ਸ਼ਾਹ ਮੁਹੰਮਦ ਅਨੁਸਾਰ ਸਿੱਖ ਫੌਜਾਂ ਦੀ ਹਾਰ ਦਾ ਕੀ ਕਾਰਨ ਹੈ ?

(ਹ) ਅਮਰ ਨੇ ਧੰਨ ਦੇਈਂ ਨੂੰ ਗੁਰੂ ਨਾਨਕ ਬਾਰੇ ਕੀ ਦੱਸਿਆ ?

(ਕ) ਪੁਜਾਰੀ ਹਰੋ ਨੂੰ ਕਿਸ ਤਰ੍ਹਾਂ ਹੌਂਸਲਾ ਦਿੰਦਾ ਹੈ ?

(ਖ) ਅਮਰ ਤੇ ਜੋਗੀਆਂ ਦੀ ਝੜਪ ਸਪੱਸ਼ਟ ਕਰੋ।

(ਗ) ਨੰਬਰਦਾਰ ਨੇ ਅਮਰ ਨੂੰ ਕਿਉਂ ਬੁਲਾਇਆ ? $2\times5=10$

5. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਗੁਰੂ ਨਾਨਕ ਕਾਲ ਦੀਆਂ ਵਾਰਾਂ ਦੇ ਨਾਂ ਲਿਖੋ।

(ਅ) 18ਵੀ ਸਦੀ ਦੇ ਵਾਰਕਾਰਾਂ ਦੇ ਨਾਂ ਲਿਖੋ।

(ੲ) 'ਚੱਠਿਆ ਦੀ ਵਾਰ' ਵਿੱਚ ਕਿਨ੍ਹਾਂ-ਕਿਨ੍ਹਾਂ ਧਿਰਾਂ ਵਿਚਕਾਰ ਲੜਾਈ ਹੁੰਦੀ ਹੈ ?

(ਸ) ਪੀਲੂ ਦੀ ਰਚਨਾ ਤੇ ਉਸਦੀਆਂ ਵਿਸ਼ੇਸ਼ਤਾਈਆਂ ਲਿਖੋ।

(ਹ) ਕਾਦਰ ਯਾਰ ਦੀਆਂ ਰਚਨਾਵਾਂ ਦੇ ਨਾਂ ਲਿਖੋ।

(ਕ) ਮੱਧਕਾਲ ਨੂੰ ਕਿੱਸਾ ਕਾਵਿ ਦਾ 'ਸੁਨਹਿਰੀ ਯੁੱਗ' ਕਿਉਂ ਕਿਹਾ ਜਾਂਦਾ ਹੈ ? $5\times4=20$

6. ਕਿਸੇ **ਇੱਕ** ਭਾਰਤੀ ਕਾਵਿ-ਸ਼ਾਸਤਰ 'ਤੇ ਨੋਟ ਲਿਖੋ :

(ੳ) ਰੀਤੀ ਸੰਪਰਦਾਇ

(ਅ) ਔਚਿਤਯ ਸੰਪਰਦਾਇ। 10

7. ਕਿਸੇ **ਇੱਕ** ਸਾਹਿਤ-ਰੂਪ 'ਤੇ ਨੋਟ ਲਿਖੋ :

(ੳ) ਕਾਫ਼ੀ

(ਅ) ਕਿੱਸਾ। 10